BC Epilepsy Society

## ਮੈਡੀਕਲ ਖਰਚਿਆਂ ਲਈ ਮਾਇਕ ਸਹਾਇਤਾ (Financial Help for Medical Costs)

ਹੇਠਾਂ ਉਨ੍ਹਾਂ ਕੁਝ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਹੜੇ ਇਲਾਜ ਨਾਲ ਸੰਬੰਧਿਤ ਖਰਚਿਆਂ ਵਿਚ ਮਦਦ ਕਰ ਸਕਦੇ ਹਨ।

**ਪਰਸਨਜ਼ ਵਿਦ ਡਿਸਏਬਿਲਟੀਜ਼ ਬੈਨੇਫਿਟ (ਪੀ ਡਬਲਯੂ ਡੀ)**
ਪੀ ਡਬਲਯੂ ਡੀ ਬੈਨੇਫਿਟ ਮਾਇਕ ਸਹਾਇਤਾ ਦਾ ਇਕ ਪ੍ਰੋਗਰਾਮ ਹੈ ਜਿਸ ਦਾ ਤਾਲਮੇਲ ਬੀ ਸੀ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ (ਐੱਮ ਐੱਸ ਡੀ) ਵਲੋਂ ਕੀਤਾ ਜਾਂਦਾ ਹੈ। ਇਹ ਬੀ ਸੀ ਦੇ ਗੰਭੀਰ ਸਰੀਰਕ ਅਤੇ/ਜਾਂ ਮਾਨਸਿਕ ਵਿਗਾੜ ਵਾਲੇ ਵਿਅਕਤੀਆਂ ਲਈ ਹੈ ਜਿਸ ਵਿਗਾੜ ਦੇ ਘੱਟੋ ਘੱਟ ਦੋ ਸਾਲ ਜਾਰੀ ਰਹਿਣ ਦੀ ਸੰਭਾਵਨਾ ਹੈ ਅਤੇ ਜਿਹੜੇ:

- ਰੋਜ਼ਾਨਾ ਰਹਿਣੀ-ਬਹਿਣੀ ਦੇ ਕਾਰਜ ਕਰਨ ਦੀ ਆਪਣੀ ਸਮਰੱਥਾ ਵਿਚ ਬਹੁਤ ਜ਼ਿਆਦਾ ਸੀਮਤ ਹਨ
- ਜਿਨ੍ਹਾਂ ਨੂੰ ਰੋਜ਼ਾਨਾ ਰਹਿਣੀ-ਬਹਿਣੀ ਵਿਚ ਕਿਸੇ ਹੋਰ ਵਿਅਕਤੀ, ਮਦਦ ਕਰਨ ਵਾਲੇ ਕਿਸੇ ਯੰਤਰ, ਜਾਂ ਮਦਦ ਕਰਨ ਵਾਲੇ ਜਾਨਵਰ ਤੋਂ ਮਦਦ ਦੀ ਲੋੜ ਹੈ
- ਕੰਮ ਕਾਇਮ ਰੱਖਣ ਜਾਂ ਲੱਭਣ ਦੇ ਅਯੋਗ ਹਨ
- 18 ਸਾਲ ਦੀ ਉਮਰ ਦੇ ਹਨ

ਪੀ ਡਬਲਯੂ ਡੀ ਬੈਨੇਫਿਟ ਲੈ ਰਿਹਾ ਕੋਈ ਵਿਅਕਤੀ ਇਨ੍ਹਾਂ ਲਈ ਹੱਕਦਾਰ ਹੋ ਸਕਦਾ ਹੈ:

- ਮਹੀਨਾਵਾਰ ਮਾਇਕ ਸਹਾਇਤਾ ਅਤੇ ਸਬਸਿਡੀ ਵਾਲੀ ਰਿਹਾਇਸ਼
- ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਅਤੇ ਫਾਰਮਾਕੇਅਰ ਕਵਰੇਜ ਜਿਸ ਵਿੱਚੋਂ ਕੋਈ ਕਟੌਤੀ ਨਹੀਂ, ਅਤੇ ਇਸ ਦੇ ਨਾਲ ਨਾਲ ਦੰਦਾਂ ਦੀਆਂ ਸੇਵਾਵਾਂ, ਅੱਖਾਂ ਦੀ ਜਾਂਚ, ਅਤੇ ਮੈਡੀਕਲ ਸਾਜ਼-ਸਾਮਾਨ ਵਰਗੇ ਖਰਚਿਆਂ ਲਈ ਕਵਰੇਜ
- ਘੱਟ ਖਰਚੇ ਵਾਲਾ ਸਲਾਨਾ ਬੱਸ ਪਾਸ

ਬੈਨੇਫਿਟਸ ਤੁਹਾਡੀ ਆਮਦਨ ਅਤੇ ਜਾਇਦਾਦ 'ਤੇ ਨਿਰਭਰ ਕਰਦੇ ਹਨ। ਉਦਾਹਰਣ ਲਈ, ਜੇ ਤੁਸੀਂ ਇਕੱਲੇ ਹੋ ਅਤੇ ਤੁਹਾਡੀ ਮਹੀਨਾਵਾਰ ਆਮਦਨ 906 ਡਾਲਰ ਨਾਲੋਂ ਜ਼ਿਆਦਾ ਹੈ ਤਾਂ ਆਮ ਤੌਰ 'ਤੇ ਤੁਸੀਂ ਹੱਕਦਾਰ ਨਹੀਂ ਹੋਵੋਗੇ। ਇਸ ਦੇ ਨਾਲ ਹੀ, ਤੁਹਾਡੇ ਕੋਲ ਸੇਵਿੰਗਜ਼ ਵਿਚ 5,000 ਡਾਲਰ ਨਾਲੋਂ ਜ਼ਿਆਦਾ ਪੈਸੇ ਨਹੀਂ ਹੋ ਸਕਦੇ। ਪਰ ਤੁਸੀਂ ਉਸ ਘਰ ਦੇ ਮਾਲਕ ਹੋ ਸਕਦੇ ਹੋ ਜਿਸ ਵਿਚ ਤੁਸੀਂ ਰਹਿੰਦੇ ਹੋ ਅਤੇ/ਜਾਂ ਤੁਹਾਡੇ ਕੋਲ ਕਾਰ ਹੋ ਸਕਦੀ ਹੈ। ਇਹ ਬੈਨੇਫਿਟ ਪ੍ਰਾਪਤ ਕਰਨ ਵਾਲੇ ਲੋਕ ਹਰ ਮਹੀਨੇ 800 ਡਾਲਰ ਤੱਕ ਦੀ ਕਮਾਈ ਵੀ ਰੱਖ ਸਕਦੇ ਹਨ।

ਪਰਿਵਾਰ ਦੇ ਕਿਸੇ ਮੈਂਬਰ ਜਾਂ ਰੂਮਮੇਟ ਨਾਲ ਰਹਿੰਦਾ ਕੋਈ ਅਪਾਹਜ ਵਿਅਕਤੀ, ਡਿਸਏਬਿਲਟੀ ਬੈਨੇਫਿਟਸ ਲਈ ਇਕੱਲੇ ਵਿਅਕਤੀ ਦੇ ਤੌਰ 'ਤੇ ਯੋਗ ਹੋ ਸਕਦਾ ਹੈ। ਜੇ ਤੁਸੀਂ ਪਤਨੀ/ਪਤੀ ਜਾਂ ਪਾਰਟਨਰ ਨਾਲ ਰਹਿੰਦੇ ਹੋ ਤਾਂ ਤੁਹਾਡੇ ਲਈ ਆਪਣੇ ਘਰ ਦੀ ਕੁੱਲ ਆਮਦਨ ਅਤੇ ਜਾਇਦਾਦ ਕਲੇਮ ਕਰਨਾ ਜ਼ਰੂਰੀ ਹੈ।

ਇਸ ਬੈਨੇਫਿਟ ਲਈ ਅਪਲਾਈ ਕਰਨ ਲਈ ਤੁਹਾਡੇ ਲਈ ਪਹਿਲਾਂ ਬੀ ਸੀ ਇਮਪਲੌਏਮੈਂਟ ਐਂਡ ਅਸਿਸਟੈਂਸ ਪ੍ਰੋਗਰਾਮ (ਬੀ ਸੀ ਈ ਏ) *(ਜਿਸ ਨੂੰ ਆਮ ਤੌਰ 'ਤੇ ਸੋਸ਼ਲ ਅਸਿਸਟੈਂਸ ਜਾਂ ਵੈਲਫੇਅਰ ਵੀ ਆਖਿਆ ਜਾਂਦਾ ਹੈ)* ਲਈ ਅਪਲਾਈ ਕਰਨਾ ਜ਼ਰੂਰੀ ਹੈ। ਜੇ ਤੁਸੀਂ ਬੀ ਸੀ ਈ ਏ ਲਈ ਮਨਜ਼ੂਰ ਕਰ ਲਏ ਜਾਂਦੇ ਹੋ ਅਤੇ ਕੇਸ ਵਰਕਰ ਇਹ ਸੋਚਦਾ ਹੈ ਕਿ ਸੰਭਾਵੀ ਤੌਰ 'ਤੇ ਤੁਸੀਂ ਪੀ ਡਬਲਯੂ ਡੀ ਬੈਨੇਫਿਟ ਲਈ ਹੱਕਦਾਰ ਹੋ ਤਾਂ ਤੁਹਾਨੂੰ ਇਕ ਅਰਜ਼ੀ ਫਾਰਮ ਦਿੱਤਾ ਜਾਵੇਗਾ।

ਬੀ ਸੀ ਈ ਏ ਲਈ ਅਪਲਾਈ ਕਰਨ ਲਈ, ਤੁਹਾਡੇ ਲਈ ਐੱਮ ਐੱਸ ਡੀ ਦੇ ਦਫਤਰ ਵਿਖੇ ਕਿਸੇ ਸੋਸ਼ਲ ਵਰਕਰ ਨਾਲ ਅਪੌਇੰਟਮੈਂਟ ਬਣਾਉਣਾ ਜ਼ਰੂਰੀ ਹੈ। ਦਫਤਰਾਂ ਦੇ ਸਥਾਨਾਂ ਲਈ ਅਤੇ ਸੰਪਰਕ ਕਰਨ ਬਾਰੇ ਜਾਣਕਾਰੀ ਲਈ ਸਰਵਿਸ ਬੀ ਸੀ ਨੂੰ 604-660-2421 ਜਾਂ 1-800-663-7867 'ਤੇ ਫੋਨ ਕਰੋ।

ਤੁਸੀਂ ਪੀ ਡਬਲਯੂ ਡੀ ਬੈਨੇਫਿਟ ਬਾਰੇ www.hsd.gov.bc.ca/pwd.htm ’ਤੇ ਜ਼ਿਆਦਾ ਪੜ੍ਹ ਸਕਦੇ ਹੋ ਅਤੇ ਅਰਜ਼ੀ ਦਾ ਨਮੂਨਾ ਦੇਖ ਸਕਦੇ ਹੋ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਅਰਜ਼ੀ ’ਤੇ ਕਾਰਵਾਈ ਹੋਣ ਨੂੰ ਤਕਰੀਬਨ 3-6 ਮਹੀਨੇ ਲੱਗਦੇ ਹਨ।

ਪੀ ਡਬਲਯੂ ਡੀ ਅਰਜ਼ੀ ਭਰਨ ਲਈ ਜਾਂ ਪੀ ਡਬਲਯੂ ਡੀ ਬੈਨੇਫਿਟ ਤੋਂ ਨਾਂਹ ਹੋਣ ’ਤੇ ਅਪੀਲ ਕਰਨ ਬਾਰੇ ਫੋਨ ’ਤੇ ਸਿੱਧੀ ਮਦਦ ਲੈਣ ਲਈ ਜਾਂ ਨਿੱਜੀ ਰੂਪ ਵਿਚ ਮਦਦ ਲੈਣ ਲਈ ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਟੀਜ਼ ਨਾਲ ਸੰਪਰਕ ਕਰੋ। ਵੈੱਬਸਾਈਟ: www.bccpd.bc.ca ਫੋਨ: 604-872-1278 ਜਾਂ 1-800-663-1278

*ਨੋਟ: ਡਿਸਏਬਿਲਟੀ ਬੈਨੇਫਿਟਸ ਲਈ ਅਪਲਾਈ ਕਰਨ ਵਾਲੇ ਵਿਅਕਤੀ ਕੋਲ ਜੇ 5000 ਡਾਲਰ ਤੋਂ ਜ਼ਿਆਦਾ ਦੀ ਸੰਪਤੀ ਹੈ ਜਾਂ ਹੋਣੀ ਹੈ ਤਾਂ ਇਸ ਚੀਜ਼ ਬਾਰੇ ਪਲੈਨਡ ਲਾਈਫਟਾਈਮ ਐਡਵੋਕੇਸੀ ਨੈੱਟਵਰਕ (ਪਲੈਨ) ਨਾਲ ਸਲਾਹ ਕਰੋ ਕਿ ਟਰੱਸਟ ਕਿਵੇਂ ਬਣਾਉਣਾ ਹੈ ਜਿਹੜਾ ਇਸ ਸੰਪਤੀ ਦੀ ਰੱਖਿਆ ਕਰੇ ਅਤੇ ਅਜੇ ਵੀ ਪੀ ਡਬਲਯੂ ਡੀ ਬੈਨੇਫਿਟ ਲਈ ਹੱਕਦਾਰ ਬਣਾਏ। ਵੈੱਬਸਾਈਟ: www.plan.ca ਫੋਨ: 604-439-9566*

**ਐਟ ਹੋਮ ਪ੍ਰੋਗਰਾਮ (ਏ ਐੱਚ ਪੀ)**
ਇਸ ਪ੍ਰੋਗਰਾਮ ਦਾ ਤਾਲਮੇਲ ਬੀ ਸੀ ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਵਲੋਂ ਕੀਤਾ ਜਾਂਦਾ ਹੈ।
ਇਸ ਪ੍ਰੋਗਰਾਮ ਦਾ ਮਕਸਦ, ਅਪਾਹਜਤਾਵਾਂ (ਡਿਸਏਬਿਲਟੀਜ਼) ਵਾਲੇ ਕਿਸੇ ਬੱਚੇ ਦੀ ਸੰਭਾਲ ਦੇ ਕੁਝ ਖਰਚਿਆਂ ਵਿਚ ਮਾਪਿਆਂ ਦੀ ਮਦਦ ਕਰਨਾ ਹੈ। ਇਸ ਦੇ ਯੋਗ ਹੋਣ ਲਈ ਬੱਚਾ: ਬੀ ਸੀ ਦਾ ਵਸਨੀਕ ਹੋਣਾ ਜ਼ਰੂਰੀ ਹੈ, ਘਰ ਵਿਚ ਮਾਪੇ ਜਾਂ ਗਾਰਡੀਅਨ ਨਾਲ ਰਹਿੰਦਾ ਹੋਣਾ ਜ਼ਰੂਰੀ ਹੈ, ਰਿਸਪਾਈਟ ਬੈਨੇਫਿਟਸ (ਆਰਾਮ ਦਿਵਾਉਣ ਲਈ ਭੱਤੇ) ਲਈ ਉਮਰ 18 ਸਾਲ ਜਾਂ ਘੱਟ ਹੋਣੀ ਜ਼ਰੂਰੀ ਹੈ, ਮੈਡੀਕਲ ਬੈਨੇਫਿਟਸ (ਸਿਹਤ ਲਈ ਭੱਤਿਆਂ) ਲਈ ਉਮਰ 17 ਸਾਲ ਜਾਂ ਘੱਟ ਹੋਣੀ ਜ਼ਰੂਰੀ ਹੈ, ਅਤੇ ਰੋਜ਼ਾਨਾ ਰਹਿਣੀ-ਬਹਿਣੀ ਦੇ ਚਾਰ ਖੇਤਰਾਂ ਵਿੱਚੋਂ ਘੱਟ ਘੱਟ ਤਿੰਨ ਖੇਤਰਾਂ ਵਿਚ ਨਿਰਭਰ ਸਮਝਿਆ ਗਿਆ ਹੋਣਾ ਜ਼ਰੂਰੀ ਹੈ (ਇਨ੍ਹਾਂ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਹੈ: ਖਾਣਾ, ਕੱਪੜੇ ਪਾਉਣਾ, ਵਾਸ਼ਰੂਮ ਵਰਤਣਾ, ਨਹਾਉਣਾ)। ਬੱਚਿਆਂ ਨੂੰ ਨਿਰਭਰ ਸਮਝਿਆ ਜਾਂਦਾ ਹੈ ਜੇ ਉਨ੍ਹਾਂ ਨੂੰ ਹਰ ਰੋਜ਼ ਦੇ ਕੰਮਾਂ ਲਈ ਬਾਕੀ ਬੱਚਿਆਂ ਨਾਲੋਂ ਜ਼ਿਅਦਾ ਮਦਦ ਦੀ ਲੋੜ ਹੈ। ਅਰਜ਼ੀ ਫਾਰਮ ਅਤੇ ਜ਼ਿਆਦਾ ਜਾਣਕਾਰੀ ਇੱਥੇ ਮਿਲਦੀ ਹੈ: www.mcf.gov.bc.ca/at_home

**ਮੈਡੀਕਲ ਖਰਚੇ ਲਈ ਟੈਕਸ ਕਰੈਡਿਟ (ਐੱਮ ਈ ਟੀ ਸੀ)**
ਤੁਸੀਂ ਆਪਣੀ ਟੈਕਸ ਰੀਟਰਨ ਵਿਚ ਕਈ ਤਰ੍ਹਾਂ ਦੇ ਮੈਡੀਕਲ ਖਰਚੇ ਕਲੇਮ ਕਰ ਸਕਦੇ ਹੋ, ਜਿਸ ਵਿਚ ਨਿਰਭਰ ਪਤਨੀ/ਪਤੀ ਜਾਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੈਡੀਕਲ ਖਰਚੇ ਵੀ ਸ਼ਾਮਲ ਹਨ। ਸਾਰੇ ਖਰਚੇ ਡਾਕਟਰ ਵਲੋਂ ਕਰਨ ਨੂੰ ਕਹੇ ਗਏ ਹੋਣੇ ਚਾਹੀਦੇ ਹਨ ਅਤੇ ਕਲੇਮ ਦੇ ਹੱਕ ਵਿਚ ਅਸਲੀ ਰਸੀਦਾਂ ਹੋਣੀਆਂ ਚਾਹੀਦੀਆਂ ਹਨ। ਯੋਗ ਖਰਚੇ ਕਲੇਮ ਦੇ ਸਮੇਂ ਵਿਚ ਕੀਤੇ ਗਏ ਹੋਣੇ ਜ਼ਰੂਰੀ ਹਨ ਅਤੇ ਇਨਸ਼ੋਰੈਂਸ ਕੰਪਨੀਆਂ, ਕੰਮ ਦੀਆਂ ਮੈਡੀਕਲ ਪਲੈਨਾਂ, ਆਦਿ ਵਲੋਂ ਵਾਪਸ ਕੀਤੇ ਗਏ ਕੋਈ ਵੀ ਪੈਸੇ ਕਲੇਮ ਕੀਤੀ ਜਾਣ ਵਾਲੀ ਰਕਮ ਵਿੱਚੋਂ ਕੱਢੇ ਜਾਣੇ ਜ਼ਰੂਰੀ ਹਨ। ਜ਼ਿਆਦਾ ਜਾਣਕਾਰੀ ਲਈ, ਕੈਨੇਡਾ ਰੈਵੇਨਿਊ ਏਜੰਸੀ ਨੂੰ 1-800-959-8281’ਤੇ ਫੋਨ ਕਰੋ ਜਾਂ www.cra-arc.gc.ca ’ਤੇ ਉਨ੍ਹਾਂ ਦੇ ਵੈੱਬਸਾਈਟ ’ਤੇ ਜਾਉ।

**ਡਿਸਏਬਿਲਟੀ ਟੈਕਸ ਕਰੈਡਿਟ (ਡੀ ਟੀ ਸੀ)**
ਇਹ ਨਾ-ਮੋੜਨਯੋਗ (ਨੌਨ-ਰੀਫੰਡੇਬਲ) ਟੈਕਸ ਕਰੈਡਿਟ ਹੈ ਜਿਹੜਾ ਉਸ ਇਨਕਮ ਟੈਕਸ ਦੀ ਰਕਮ ਨੂੰ ਘਟਾਉਂਦਾ ਹੈ ਜਿਹੜਾ ਅਪਾਹਜ ਲੋਕਾਂ ਵਲੋਂ ਜਾਂ ਉਨ੍ਹਾਂ ਦੀ ਮਦਦ ਕਰਨ ਵਾਲੇ ਲੋਕਾਂ ਵਲੋਂ ਦੇਣਯੋਗ ਹੁੰਦਾ ਹੈ। ਜੇ ਤੁਹਾਡਾ ਕੋਈ ਟੈਕਸ ਦੇਣਯੋਗ ਨਹੀਂ ਹੈ ਤਾਂ ਤੁਸੀਂ ਕਰੈਡਿਟ ਆਪਣੀ ਪਤਨੀ/ਪਤੀ ਜਾਂ ਮਦਦ ਕਰਨ ਵਾਲੇ ਹੋਰ ਵਿਅਕਤੀ ਨੂੰ ਤਬਦੀਲ ਕਰ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ, ਕੈਨੇਡਾ ਰੈਵੇਨਿਊ ਏਜੰਸੀ ਨੂੰ 1-800-959-8281’ਤੇ ਫੋਨ ਕਰੋ ਜਾਂ www.cra-arc.gc.ca ’ਤੇ ਉਨ੍ਹਾਂ ਦੇ ਵੈੱਬਸਾਈਟ ’ਤੇ ਜਾਉ।

**ਰਜਿਸਟਰਡ ਡਿਸਏਬਿਲਟੀ ਸੇਵਿੰਗਜ਼ ਪਲੈਨ (ਆਰ ਡੀ ਐੱਸ ਪੀ)**
ਇਹ ਪਲੈਨ, ਲੰਮੇ ਸਮੇਂ ਲਈ ਵਿੱਤੀ ਸੁਰੱਖਿਆ ਲਈ ਬੱਚਤ ਕਰਨ ਵਿਚ ਅਪਾਹਜ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਦੀ ਹੈ। ਪਲੈਨ ਵਿਚ ਪਾਏ ਯੋਗਦਾਨ ਨੂੰ ਫੈਡਰਲ ਗ੍ਰਾਂਟ ਨਾਲ ਮੈਚ ਕੀਤਾ ਜਾਂਦਾ ਹੈ, ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਵਾਧੂ ਬੌਂਡ ਮਿਲਦੇ ਹਨ, ਅਤੇ ਇਨਵੈਸਟਮੈਂਟ ਦੀ ਆਮਦਨ ਨੂੰ ਕਢਾਉਣ ਤੱਕ ਟੈਕਸ ਤੋਂ ਛੋਟ ਹੈ। ਆਰ ਡੀ ਐੱਸ ਪੀ ਲਈ ਯੋਗ ਹੋਣ ਲਈ, ਤੁਹਾਡਾ ਡਿਸਏਬਿਲਟੀ ਟੈਕਸ ਕਰੈਡਿਟ (ਡੀ ਟੀ ਸੀ) ਲਈ ਹੱਕਦਾਰ ਹੋਣਾ ਜ਼ਰੂਰੀ ਹੈ। ਜ਼ਿਆਦਾ ਜਾਣਕਾਰੀ ਲਈ, ਕੈਨੇਡਾ ਰੈਵੇਨਿਊ ਏਜੰਸੀ ਨੂੰ 1-800-959-8281’ਤੇ ਫੋਨ ਕਰੋ ਜਾਂ www.cra-arc.gc.ca ’ਤੇ ਉਨ੍ਹਾਂ ਦੇ ਵੈੱਬਸਾਈਟ ’ਤੇ ਜਾਉ।

**ਵਰਾਇਟੀ – ਬੱਚਿਆਂ ਦੀ ਚੈਰਿਟੀ**
19 ਸਾਲ ਤੋਂ ਘੱਟ ਉਮਰ ਦੇ ਖਾਸ ਲੋੜਾਂ ਵਾਲੇ ਬੱਚਿਆਂ ਦੇ ਫਾਇਦੇ ਲਈ ਗਰਾਂਟਾਂ ਦਿੰਦੀ ਹੈ। ਨਿੱਜੀ ਬੇਨਤੀਆਂ ਲਈ; ਗਰਾਂਟਾਂ ਮੁੱਖ ਤੌਰ ’ਤੇ ਸਾਜ਼-ਸਾਮਾਨ, ਇਲਾਜ ਜਾਂ ਮੈਡੀਕਲ ਕਾਰਨਾਂ ਕਰਕੇ ਸਫਰ ਕਰਨ ਲਈ ਹੈ। ਉਹ ਉਨ੍ਹਾਂ ਪਰਿਵਾਰਾਂ ਲਈ ਐਮਰਜੰਸੀ ਰਿਸਪੌਂਸ ਫੰਡ ਵੀ ਦਿੰਦੇ

ਹਨ ਜਿਨ੍ਹਾਂ ਨੂੰ ਫੌਰੀ ਤੌਰ ’ਤੇ ਮੈਡੀਕਲ ਖਰਚਿਆਂ ਲਈ ਮਾਇਕ ਸਹਾਇਤਾ ਦੀ ਲੋੜ ਹੁੰਦੀ ਹੈ (ਜਿਵੇਂ ਕਿ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਲਈ)। ਫੋਨ: 604-320-0505 ਵੈੱਬਸਾਈਟ: www.variety.bc.ca

**ਸੀ ਕੇ ਐੱਨ ਡਬਲਯੂ ਓਰਫਨ’ਜ਼ ਫੰਡ**
ਘੱਟ ਆਮਦਨ ਵਾਲੇ ਪਰਿਵਾਰਾਂ ਦੇ ਖਾਸ ਲੋੜਾਂ ਵਾਲੇ ਬੱਚਿਆਂ ਲਈ ਖਾਸ ਸਾਜ਼-ਸਾਮਾਨ, ਇਲਾਜਾਂ, ਕੈਂਪਾਂ ਜਾਂ ਸਕੂਲਾਂ ਲਈ ਬਰਸਰੀਆਂ ਲਈ ਫੰਡ ਦਿੰਦਾ ਹੈ। ਫੋਨ: 604-331-2711 ਵੈੱਬਸਾਈਟ: www.cknw.com/orphans/index.aspx

**ਟਰੈਵਲ ਅਸਿਸਟੈਂਸ ਪ੍ਰੋਗਰਾਮ (ਟੀ ਏ ਪੀ)**
ਇਹ ਪ੍ਰੋਗਰਾਮ ਬੀ.ਸੀ. ਦੇ ਉਨ੍ਹਾਂ ਯੋਗ ਵਸਨੀਕਾਂ ਲਈ ਸਫਰ ਵਿਚ ਰਿਆਇਤ ਦਿੰਦਾ ਹੈ ਜਿਨ੍ਹਾਂ ਨੂੰ ਗੈਰ-ਐਮਰਜੰਸੀ ਮੈਡੀਕਲ ਸਪੈਸ਼ਲਿਸਟ ਸੇਵਾਵਾਂ ਲਈ ਸੂਬੇ ਦੇ ਅੰਦਰ ਸਫਰ ਕਰਨਾ ਪੈਂਦਾ ਹੈ, ਜਿਹੜੀਆਂ ਉਨ੍ਹਾਂ ਦੇ ਇਲਾਕੇ ਵਿਚ ਉਪਲਬਧ ਨਹੀਂ ਹਨ, ਅਤੇ ਜਿਨ੍ਹਾਂ ਦੇ ਸਫਰ ਦੇ ਖਰਚੇ ਕਿਸੇ ਥਰਡ-ਪਾਰਟੀ ਇਨਸ਼ੋਰੈਂਸ ਜਾਂ ਹੋਰ ਸਰਕਾਰੀ ਪ੍ਰੋਗਰਾਮਾਂ ਹੇਠ ਕਵਰ ਨਹੀਂ ਹਨ। ਯੋਗ ਹੋਣ ਲਈ ਤੁਹਾਡੇ ਕੋਲ ਐੱਮ ਐੱਸ ਪੀ ਦੀ ਕਵਰੇਜ ਹੋਣਾ ਜ਼ਰੂਰੀ ਹੈ ਅਤੇ ਤੁਹਾਡੇ ਕੋਲ ਸਭ ਤੋਂ ਨੇੜੇ ਉਪਲਬਧ ਮੈਡੀਕਲ ਸੇਵਾਵਾਂ ਲਈ ਆਪਣੇ ਡਾਕਟਰ ਦੀ ਰੈਫਰਲ (ਚਿੱਠੀ) ਹੋਣੀ ਜ਼ਰੂਰੀ ਹੈ। ਫੋਨ: 604-660-2421 ਜਾਂ 1-800-663-7867 ਵੈੱਬਸਾਈਟ: www.health.gov.bc.ca/tapbc/index.html

**ਹੋਪ ਏਅਰ**
ਇਹ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸਰਵਿਸ ਹੈ ਜਿਹੜੀ ਆਪਣੇ ਘਰ ਵਾਲੇ ਇਲਾਕਿਆਂ ਤੋਂ ਬਾਹਰ ਇਲਾਜ ਲਈ ਫਲਾਇਟਾਂ ਪੇਸ਼ ਕਰਦੀ ਹੈ। ਇਹ ਮਾਇਕ ਲੋੜ ਵਾਲੇ ਕੈਨੇਡੀਅਨਾਂ ਅਤੇ ਲੈਂਡਿਡ ਇਮੀਗਰਾਂਟਾਂ ਲਈ ਉਪਲਬਧ ਹੈ। ਫੋਨ: 1-877-346-4673 ਵੈੱਬਸਾਈਟ: www.hopeair.org

**ਸ਼ਰਾਈਨਰਜ਼ ਕੇਅਰ ਕਰੂਜ਼ਰ**
ਇਹ ਇਕ ਬੱਸ ਹੈ ਜਿਹੜੀ ਉਨ੍ਹਾਂ ਬੱਚਿਆਂ ਲਈ ਹੈ ਜਿਹੜੇ ਸ਼ਰਾਈਨਰਜ਼ ਹਸਪਤਾਲਾਂ, ਬੀ ਸੀ ਚਿਲਡਰਨਜ਼ ਹਸਪਤਾਲ, ਬੀ ਸੀ ਵਿਮਨਜ਼ ਐਂਡ ਹੈਲਥ ਸੈਂਟਰ, ਅਤੇ ਸਨੀ ਹਿੱਲ ਹਸਪਤਾਲ ਵਿਖੇ ਇਲਾਜ ਕਰਵਾ ਰਹੇ ਹਨ। ਫੋਨ: 1-800-661-5437 ਵੈੱਬਸਾਈਟ: www.shriners.bc.ca/bus/index.shtml

**ਬੀ ਸੀ ਫੈਮਿਲੀ ਰੈਜ਼ੀਡੈਂਸ ਪ੍ਰੋਗਰਾਮ**
ਉਨ੍ਹਾਂ ਪਰਿਵਾਰਾਂ ਲਈ ਰਿਹਾਇਸ਼ ’ਤੇ ਸਬਸਿਡੀਆਂ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੇ ਬੱਚੇ (18 ਸਾਲ ਤੋਂ ਘੱਟ) ਨੂੰ ਬੀ ਸੀ ਚਿਲਡਰਨਜ਼ ਹਸਪਤਾਲ ਵਿਚ ਇਲਾਜ ਦੀ ਲੋੜ ਹੈ। ਇਹ ਸਬਸਿਡੀਆਂ ਇਕ ਕਮਰੇ ਲਈ 30 ਦਿਨਾਂ ਤੱਕ ਉਪਲਬਧ ਹਨ। ਇਸ ਦੇ ਯੋਗ ਹੋਣ ਲਈ, ਪਰਿਵਾਰਾਂ ਦਾ ਬੀ.ਸੀ. ਦੇ ਵਸਨੀਕ ਹੋਣਾ, ਮੈਟਰੋ ਵੈਨਕੂਵਰ ਤੋਂ ਬਾਹਰ ਰਹਿੰਦੇ ਹੋਣਾ ਜ਼ਰੂਰੀ ਹੈ ਅਤੇ ਉਨ੍ਹਾਂ ਕੋਲ ਐੱਮ ਐੱਸ ਪੀ ਕਵਰੇਜ ਹੋਣੀ ਚਾਹੀਦੀ ਹੈ। ਪਰਿਵਾਰਾਂ ਨੂੰ ਰਿਹਾਇਸ਼ਾਂ ਵਿਚ ਰੱਖਿਆ ਜਾਂਦਾ ਹੈ ਜਿਵੇਂ ਕਿ ਰੋਨਾਲਡ ਮੈਕਡੋਨਾਲਡ ਹਾਊਸ ਅਤੇ ਈਸਟਰ ਸੀਲ ਹਾਊਸ। ਫੋਨ: 1-866-496-6946 ਵੈੱਬਸਾਈਟ: www.bcfamilyresidence.gov.bc.ca

**ਹੋਰ ਸਹਾਇਤਾ**
ਰਿਆਇਤੀ ਜਾਂ ਮੁਫਤ ਦੰਦਾਂ ਦੇ ਇਲਾਜ ਦੀਆਂ ਸੇਵਾਵਾਂ ਅਤੇ/ਜਾਂ ਸਲਾਹ-ਮਸ਼ਵਰੇ ਦੀਆਂ ਸੇਵਾਵਾਂ ਉਨ੍ਹਾਂ ਪੋਸਟ-ਸੈਕੰਡਰੀ ਸੰਸਥਾਵਾਂ ਵਿਚ ਮਿਲ ਸਕਦੀਆਂ ਹਨ ਜਿਹੜੇ ਇਨ੍ਹਾਂ ਸੇਵਾਵਾਂ ਦੀ ਟਰੇਨਿੰਗ ਦੇ ਪ੍ਰੋਗਰਾਮ ਦਿੰਦੀਆਂ ਹਨ। ਬਹੁਤ ਸਾਰੇ ਇਲਾਕਿਆਂ ਵਿਚ ਸਰਵਿਸ ਕਲੱਬਾਂ ਜਾਂ ਸੰਸਥਾਵਾਂ, ਜਿਵੇਂ ਕਿ ਲਾਇਨਜ਼, ਰੋਟਰੀ, ਜਾਂ ਕਿਵਾਨੀਜ਼ ਵੀ ਹਨ ਜਿਹੜੀਆਂ ਕਿ ਮੈਡੀਕਲ ਖਰਚਿਆਂ ਲਈ ਮਾਇਕ ਮਦਦ ਦੇ ਸਕਦੀਆਂ ਹਨ।

ਜੁਲਾਈ 2012 ਨੂੰ ਨਵਿਆਇਆ (ਈ ਬੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**